ISSN 2278-8808 IMPACT FACTOR: 1.38
An International Peer Reviewed
SCHOLARLY RESEARCH JOURNAL
FOR INTERDISCIPLINARY STUDIES

# ਮਾਨਵੀ ਰਿਸ਼ਤੀਆਂ ਦੀ ਸੁਹਿਰਦ ਤਰਜ਼ਮਾਨੀ ਦੀ ਇਬਾਰਤ ਤ੍ਰੈਲੋਚਨ ਲੋਚੀ ਰਚਿਤ ਗਜ਼ਲ ਸੰਗ੍ਰਿਹ (ਦਿਲ ਦਰਵਾਜ਼ੇ)

**ਡਾ. ਹਰਿੰਦਰਜੀਤ ਸਿੰਘ ਕਲੇਰ**
ਅਸਿਸਟੈਂਟ ਪ੍ਰੋਫੈਸਰ, ਮਾਲਵਾ ਕਾਲਜ ਬੌਂਦਲੀ, ਸਮਰਾਲਾ (ਲੁਧਿਆਣਾ)

ਤ੍ਰੈਲੋਚਨ ਲੋਚੀ ਦਾ ਨਾਮ ਉਹਨਾਂ ਸ਼ਾਇਰ ਗਾਇਕਾਂ ਵਿਚ ਸ਼ੁਮਾਰ ਹੈ ਜਿਨ੍ਹਾਂ ਨੂੰ ਅੱਜ ਸੰਜੀਦਾ ਸ਼ਾਇਰੀ/ਗਾਇਕੀ ਦੇ ਮਦਾਹ ਸਰੋਤਿਆਂ ਨੇ ਭਰਪੂਰ ਪਿਆਰ ਦਿੱਤਾ ਹੈ। ਸ਼ਾਇਰ ਦੀ ਸੰਗੀਤਕ ਐਲਬਮ 'ਸਰਵਰ' ਅਤੇ ਗਜ਼ਲ ਸੰਗ੍ਰਹਿ 'ਦਿਲ ਦਰਵਾਜ਼ੇ' ਨੇ ਪੰਜਾਬੀ ਅਦਬ ਅਤੇ ਸੰਗੀਤ ਨਾਲ ਸਨੇਹ ਰੱਖਣ ਵਾਲੇ ਲੋਕਾਂ ਨੂੰ ਆਪਣਾ ਕਾਇਲ ਬਣਾਇਆ ਹੈ। ਪੰਜਾਬੀ ਦੇ ਨਾਮਵਾਰ ਸ਼ਾਇਰਾਂ ਸੁਰਜੀਤ ਪਾਤਰ, ਗੁਰਭਜਨ ਗਿੱਲ, ਸਰਦਾਰ ਪੰਛੀ, ਰਵਿੰਦਰ ਭੱਠਲ, ਦੀਆਂ ਲੋਚੀ ਦੀ ਸ਼ਾਇਰੀ ਸਬੰਧੀ ਮੋਹ ਭਰੀਆਂ ਕਾਵਿ ਟਿੱਪਣੀਆਂ ਉਸਦੀ ਮਕਬੂਲੀਤ ਦਾ ਪ੍ਰਮਾਣ ਹਨ।

> *ਤ੍ਰੈਲੋਚਨ ਲੋਚੀ ਗ਼ਜ਼ਲ ਅਤੇ ਤਰੱਨੁਮ ਦੀ ਰੂਹ ਦਾ ਮਹਿਰਮ ਹੈ। ਉਸ ਦੀ ਹਰ ਸਤਰ ਗਾਉਂਦੀ ਲਹਿਰ ਜਿਹੀ ਹੁੰਦੀ ਹੈ। ਉਸ ਦੇ ਸ਼ੇਅਰ ਪਿਆਰ ਅਤੇ ਸੁੰਦਰਤਾ ਤੋਂ ਲੈ ਕੇ ਸਮੇਂ ਦੇ ਦੁੱਖਾਂ-ਦਰਦਾਂ ਤੱਕ ਫ਼ੈਲੇ ਹੋਏ ਹਨ। ਕੁੜੀਆਂ ਨੂੰ ਕਵਿਤਾਵਾਂ ਕਹਿਣ ਵਾਲਾ ਲੋਚੀ ਇਸ ਗੱਲ ਤੋਂ ਵਾਕਿਫ਼ ਹੈ ਕਿ ਸਾਡੇ ਸਮਾਜ ਵਿਚ ਧੀਆਂ ਪ੍ਰਤੀ ਰਵੱਈਆ ਕਿੰਨਾ ਕਠੋਰ ਅਤੇ ਅਣ-ਕਾਵਿਕ ਹੈ।*[1]
>
> *-ਸੁਰਜੀਤ ਪਾਤਰ*

> *ਤ੍ਰੈਲੋਚਨ ਲੋਚੀ ਸੰਧੂਰੀ ਅੰਬ ਵਾਂਗ ਮਹਿਕਦੇ ਕਲਾਮ ਦਾ ਸਿਰਜਕ ਹੈ। ਸੁਰ-ਸਾਧਨਾ ਅਤੇ ਸ਼ਬਦ ਸਿਰਜਣਾ ਦਾ ਖ਼ੂਬਸੂਰਤ ਸੁਮੇਲ। ਲੋਚੀ ਦੇ ਗ਼ਜ਼ਲ ਕਹਿਣ ਵਿਚ ਸਹਿਜ ਵੀ ਹੈ ਤੇ ਸੁਹਜ ਵੀ। ਇਹ ਦੋਵੇਂ ਗੁਣ ਉਸ ਦੇ ਧਰਤੀ ਤੇ ਦੁੱਖ-ਸੁੱਖ ਦੀ ਪੇਸ਼ਕਾਰੀ ਵੇਲੇ ਸਹਿਯੋਗੀ ਧਿਰ ਬਣ ਕੇ ਨਾਲ ਖਲੋਂਦੇ ਹਨ। ਅਜੋਕੀ ਖ਼ੁਸ਼ਕ ਜ਼ਿੰਦਗੀ ਵਿਚ ਇਹੋ ਜਿਹੇ ਮਹਿਕਦੇ ਕਲਾਮ ਦੀ ਅੱਜ ਹੋਰ ਵੀ ਵਧੇਰੇ ਲੋੜ ਹੈ।*[2]
>
> *-ਗੁਰਭਜਨ ਗਿੱਲ*

*ਸ਼ਬਦਾਂ ਨੂੰ ਸੁਰ ਵਿਚ ਢਾਲਣਾ ਲੋਚੀ ਦੀ ਨਿਵੇਕਲੀ ਸਿਫ਼ਤ ਹੈ ਉਹ ਗੀਤ ਲਿਖ ਰਿਹਾ ਹੋਵੇ, ਗ਼ਜ਼ਲ ਜਾਂ ਨਜ਼ਮ ਸਰੋਦ ਦੀ ਕੰਨੀਂ ਨਹੀਂ ਛੱਡਦਾ। ਮਾਲਵੇ ਦੀ ਜਰਖ਼ੇਜ਼ ਧਰਤੀ ਮੁਕਤਸਰ ਤੋਂ ਲਿਆਂਦੀ ਅਦਬੀ ਵਿਰਾਸਤ ਨੂੰ ਉਸ ਨੇ ਲੁਧਿਆਣਾ ਵਿਚ ਫੁੱਲ ਤੇ ਫ਼ਲ ਦਾ ਰੂਪ ਦਿੱਤਾ ਹੈ। ਉਸ ਦੀਆਂ ਗ਼ਜ਼ਲਾਂ ਵਕਤ ਦੇ ਨਾਲ ਵਾਰਤਾਲਾਪ ਕਰਦੀਆਂ ਹਨ, ਮੁਹੱਬਤ ਨਾਲ ਸਰਗੋਸ਼ੀਆਂ ਕਰਦੀਆਂ ਹਨ। ਗਹਿਰ ਗੰਭੀਰ ਸਰੋਦੀ ਕਵਿਤਾ ਦੇ ਇਸ ਸੰਗ੍ਰਿਹ ਦਾ ਸਵਾਗਤ ਹੈ।*[3]

*–ਰਵਿੰਦਰ ਭੱਠਲ*

ਲੋਚੀ ਦੀ ਕਲਮ ਅਤੇ ਸੁਰੀਲਾ ਗਲ਼ਾ ਧਰਤ ਅਤੇ ਧਰਤ ਉਪਰ ਵਿਗਸਦੀ ਸਮੁੱਚੀ ਕਾਇਨਾਤ ਦੀਆਂ ਸੱਤੇ ਖੈਰਾਂ ਲੋਚਦੀ ਹੈ। ਕੁੱਖਾਂ ਤੇ ਰੁੱਖਾਂ ਦਾ ਇਹ ਰਖਵਾਲਾ ਸ਼ਾਇਰ ਸਮੁੱਚੀ ਵਸੇਬ ਨੂੰ ਨਰੋਈਆਂ ਕਦਰਾਂ ਕੀਮਤਾਂ ਦਾ ਪਾਠ ਪੜਾਉਂਦਾ ਨਜ਼ਰ ਆਉਂਦਾ ਹੈ। ਤ੍ਰੈਲੋਚਨ ਲੋਚੀ ਦੀ ਸ਼ਾਇਰੀ ਕੁੱਦਰਤ ਤੇ ਕਾਦਰ ਦੇ ਸ਼ੁਕਰਾਨੇ ਦੀ ਸ਼ਾਇਰੀ ਹੈ। ਉਹ ਔਰਤ ਦੇ ਵੱਖ–ਵੱਖ ਰੂਪਾਂ ਨੂੰ ਬੜੇ ਹੀ ਸੰਵੇਦਨਸ਼ੀਲ ਅੰਦਾਜ਼ ਵਿਚ ਬਿਆਨ ਕਰਦਾ ਹੈ। ਕਿਸੇ ਵੀ ਸਭਿਅਕ ਸਮਾਜ ਦਾ ਮਾਪਦੰਡ ਔਰਤ ਦਾ ਸਤਿਕਾਰ ਹੈ। ਲੋਚੀ ਦੀ ਸ਼ਾਇਰੀ ਮਨੁੱਖਤਾ ਦੀ ਸਲਾਮਤੀ ਦੀ ਬਾਤ ਪਾਉਂਦੀ ਹੈ। ਦਾਦੀ ਅਤੇ ਨਾਨੀ ਮਾਂ ਵੱਲੋਂ ਬਿਆਨੀ ਰੌਚਿਕ ਬਾਤ ਵਾਂਗ ਜਾਪਦੀ ਹੈ।

ਤ੍ਰੈਲੋਚਨ ਲੋਚੀ ਅਜਿਹੇ ਆਦਰਸ਼ਮਈ ਸਮਾਜ ਦਾ ਨਿਰਮਾਣ ਕਰਨਾ ਲੋਚਦਾ ਹੈ। ਜਿਥੇ ਹਰ ਰਿਸ਼ਤੇ ਦੀ ਅਹਿਮੀਅਤ ਨੂੰ ਸਮਝ ਕੇ ਬਣਦਾ ਸਤਿਕਾਰ ਦਿੱਤਾ ਜਾਵੇ। ਲੋਚੀ ਦਰਅਸਲ ਨੀਲ ਕੰਠ ਵਾਂਗ ਸਮਾਜ ਦੇ ਜ਼ਹਿਰ ਨੂੰ ਚੂਸਣ ਦਾ ਪ੍ਰਯਾਸ ਕਰਦਾ ਹੈ। ਅਜਿਹਾ ਕਰਕੇ ਉਹ ਮਨੁੱਖੀ ਫ਼ਰਜਾਂ ਦੇ ਨਾਲ–ਨਾਲ ਇਕ ਦਿਆਨਤਦਾਰ ਸ਼ਾਇਰ ਦੀ ਭੂਮਿਕਾ ਵੀ ਨਿਭਾਉਂਦਾ ਹੈ। ਤੜਕ–ਫ਼ੜਕ ਵਾਲੀ ਜੀਵਨ ਤਰਜ਼ ਜਦ ਪੰਜਾਬੀ ਰਹਿਤਲ ਉੱਪਰ ਭਾਰੂ ਹੁੰਦੀ ਹੈ ਤਾਂ ਸ਼ਾਇਰ ਲਈ ਇਹ ਸਦਮਾ ਅਸਹਿ ਹੈ। ਲੋਚੀ ਮਨੁੱਖ ਨੂੰ ਮਨੁੱਖਤਾ ਦਾ ਪੱਲਾ ਨਾ ਛੱਡਣ ਦਾ ਸੁਨੇਹਾ ਦਿੰਦਾ ਹੈ, ਕਿਉਂਕਿ ਦੁਨੀਆਂ ਵਿਚ ਕੋਈ ਵੀ 'ਸਥਿਰ' ਨਹੀਂ। ਰਾਜੇ, ਰਾਣੇ, ਜਿੰਮੀਦਾਰ, ਸ਼ਾਹੂਕਾਰ ਆਦਿ ਸਭ ਧਰਤ ਉੱਪਰ ਆਪਣੀ ਡੁੱਗ–ਡੁੱਗੀ ਵਜ਼ਾ ਕੇ ਤੁਰਦੇ ਬਣੇ ਕਿਉਂਕਿ ਦੁਨਿਆਵੀ ਅੰਡਬਰ ਸਦੀਵੀ ਹਕੀਕਤਾਂ ਤੋਂ ਕੋਰੇ ਹਨ। ਸਿੰਕਦਰ ਵਰਗੇ ਬਾਦਸ਼ਾਹ ਵਕਤ ਦੀ ਧੂੜ ਵਿਚ ਗੁਆਚ ਗਏ ਹਨ।

*ਸਮਿਆਂ ਦੀ ਧੂੜ ਅੰਦਰ,*
*ਇਕ ਦਿਨ ਗੁਆਚ ਜਾਣਾ।*
*ਮੰਨਿਆਂ ਹੈਂ ਤੂੰ ਸਿਕੰਦਰ,*
*ਇਕ ਦਿਨ ਗੁਆਚ ਜਾਣਾ।*[4]

*ਇਹ ਮਹਿਲ-ਇਹ ਮੁਨਾਰੇ,*
*ਉੱਚੇ ਤਿਰੇ ਚੁਬਾਰੇ।*
*ਸਾਰਾ ਹੀ ਇਹ ਅਡੰਬਰ,*
*ਇਕ ਦਿਨ ਗੁਆਚ ਜਾਣਾ।*[5]

*ਐਵੇਂ 'ਲੋਚੀ' 'ਵਾ ਦੇ ਘੋੜੇ ਚੜ੍ਹਿਆ ਏਂ,*
*ਇਸ ਮਿੱਟੀ ਦੇ ਥੱਲੇ ਬਹੁਤ ਸਿਕੰਦਰ ਨੇ।*[6]

ਸ਼ਾਇਰ ਹਾਕਮ ਜਮਾਤ ਦੇ ਧੌਂਸ ਦੀ ਪਰਵਾਹ ਨਾ ਕਰਦਾ ਆਪਣੀ ਨਿੱਡਰ ਸੋਚ ਨਾਲ ਆਪਣੇ ਰਸਤੇ ਨਿਰੰਤਰ ਚਲਦਾ ਜਾ ਰਿਹਾ ਹੈ। ਲੋਚੀ ਨੇ ਆਪਣੇ ਸ਼ਿਅਰਾਂ ਨਾਲ ਅਜੋਕੇ ਨਿਜਾਮ ਨੂੰ ਬਦਲਣ ਦਾ ਹੋਕਾ ਦਿੱਤਾ ਹੈ ਕਿਉਂਕਿ ਸਿਆਸਤਦਾਨਾ ਦੀ ਨਜ਼ਰ ਵਿਚ ਇੱਕ ਮਨੁੱਖ ਦੀ ਕੀਮਤ ਕੀੜੇ-ਮਕੌੜੇ ਤੋਂ ਵੱਧ ਨਹੀਂ। ਸ਼ਾਇਰ ਨੂੰ ਵਿਸ਼ਵਾਸ਼ ਹੈ ਕਿ ਜੇ ਸੱਚੀ-ਸੁੱਚੀ ਭਾਵਨਾ ਨਾਲ ਮਨੁੱਖ ਨੂੰ ਉਸ ਦੇ ਹੱਕਾਂ ਪ੍ਰਤੀ ਲਾਮਬੰਦ ਕੀਤਾ ਜਾਵੇ ਤਾਂ ਦੁਨੀਆਂ ਵਿਚ ਆਦਰਸ਼ਵਾਦੀ ਸਮਾਜ ਦਾ ਨਿਰਮਾਣ ਸੰਭਵ ਹੈ। ਪਰ ਰਾਜਨੀਤੀਵਾਨਾਂ ਨੇ ਲੋਭ ਲਾਲਚਾਂ ਦੇ ਚੋਗਿਆਂ ਨਾਲ ਦੋ ਵਕਤ ਦੀ ਰੋਟੀ ਲਈ ਤਰਸਦੇ ਜੀਵਾਂ ਦੀ ਕਮਜ਼ੋਰੀ ਦਾ ਖੂਬ ਲਾਭ ਉਠਾਇਆ ਹੈ। ਭੁੱਖ ਨੰਗ ਦਾ ਸਤਾਇਆ ਮਨੁੱਖ ਇਨ੍ਹਾਂ ਲੂਬੜਾਂ ਦੇ ਮੱਕੜਜਾਲ ਵਿਚ ਇਸ ਕਦ਼ਰ ਉਲਝ ਜਾਂਦਾ ਹੈ ਕਿ ਉਸਦੀ ਤਮਾਮ ਉੱਮਰ ਇਸ ਜਾਲ ਤੋਂ ਮੁੱਕਤੀ ਦਾ ਦੁਆਰ ਤਲਾਸ਼ਦਿਆਂ ਬੀਤ ਜਾਂਦੀ ਹੈ। ਪਰ ਸ਼ਬਦ ਜੇ ਤਲਵਾਰ ਦਾ ਰੂਪ ਧਾਰਨ ਕਰ ਜਾਵੇ ਤਾਂ ਹਰ ਮੈਦਾਨ ਫ਼ਤਿਹ ਹਾਸਲ ਹੋ ਜਾਂਦੀ ਹੈ ਕਿਉਂਕਿ ਦੁਨੀਆਂ ਵਿਚ ਜਿਨੇ ਵੀ ਇਨਕਲਾਬ ਆਏ ਉਹ ਉੱਚ ਪਾਏ ਦੇ ਸਾਹਿਤ ਦੀ ਬਦੌਲਤ ਆਏ ਹਨ।

*ਹਾਕਮ ਕਰੇ ਹਕੂਮਤਾਂ, ਅਪਣੀ ਮਰਜ਼ੀ ਨਾਲ।*
*ਗੁੰਗੇ-ਬੋਲੇ ਸ਼ਹਿਰ ਵਿਚ, ਕਿਹੜਾ ਕਰੇ ਸੁਆਲ?* [7]

*ਉਹ ਜੋ ਨੇ ਰਾਜਧਾਨੀ ਦੇ ਬਾਸ਼ਿੰਦੇ।*
*ਅਸਾਨੂੰ ਲਾਰਿਆਂ ਬਿਨ ਕੀ ਨੇ ਦਿੰਦੇ?* [8]

*ਨਚਾਵੇ ਮੁਲਕ ਨੂੰ ਜਿੱਦਾਂ ਇਹ ਚਾਹੇ,*
*ਸਿਆਸਤਦਾਨ ਦੇ ਹੱਥ ਡੁਗਡੁੱਗੀ ਹੈ।*[9]

*ਨਾ ਰੁਤਬੇ ਨਾ ਕਲਗੀ ਦਾ ਹੀ ਮੁੱਲ ਪਤਾ,*
*ਬੌਣੇ ਬੰਦੇ ਤਖ਼ਤਾਂ ਉੱਤੇ ਆਣੇ ਚੜ੍ਹੇ।* [10]

ਕਈ ਵਾਰ ਜੀਵਨ ਵਿਚ ਸੰਗੀਤ ਦੀ ਅਣਹੋਂਦ ਦਾ ਕਿਆਸ ਕਰਕੇ ਹੀ ਰੂਹ ਕੰਬ ਉੱਠਦੀ ਹੈ। ਸੰਗੀਤ ਦੀ ਬਦੌਲਤ ਜੋ ਮਨ ਨੂੰ ਸਕੂਨ ਮਿਲਦਾ ਹੈ। ਇਸ ਦਾ ਅਨੁਮਾਨ ਕੋਈ ਸੰਗੀਤ ਪ੍ਰੇਮੀ ਹੀ ਲਾ ਸਕਦਾ ਹੈ। ਸੁਰ ਅਤੇ ਸਾਜ਼ ਅਜਿਹਾ ਵਾਤਾਵਰਣ ਸਿਰਜਦੇ ਹਨ ਜੋ ਮਨੁੱਖ ਲਈ ਰੁਹਾਨੀ ਖ਼ੁਰਾਕ ਦਾ ਸਬੱਬ ਬਣਦਾ ਹੈ। ਲੋਚੀ ਦੀਆਂ ਰਚਨਾਵਾਂ ਵਿਚੋਂ ਅਨੇਕਾਂ ਸ਼ਿਅਰ ਸਹਿਜੇ ਹੀ ਗਿਣੇ ਜਾ ਸਕਦੇ ਹਨ। ਜਿਨ੍ਹਾਂ ਵਿਚ ਸਾਜ਼ ਅਤੇ ਸੁਰ ਦੀ ਜੀਵਨ ਵਿਚ ਅਹਿਮੀਅਤ ਦਾ ਜ਼ਿਕਰ ਹੋਇਆ ਹੈ।

*ਸਾਜ਼ਾਂ ਦੀ ਤੌਹੀਨ ਦੇਖ ਕੇ,*
*ਹੁੰਦਾ ਬਹੁਤ ਖ਼ੁਆਰ।*
*ਮੇਰੇ ਅੰਦਰ ਨਿੱਤ ਹੀ ਰੋਂਦਾ,*
*ਰੋਂਦਾ ਇਕ ਫ਼ਨਕਾਰ।*[11]

*ਨਾ ਗ਼ਜ਼ਲਾਂ ਦੀ ਪੀੜ ਪਛਾਣਨ,*
*ਨਾ ਨਜ਼ਮਾਂ ਦੀ ਸਾਰ।*
*ਅੰਨ੍ਹੇ-ਬੋਲੇ ਖਿੱਚੀ ਫਿਰਦੇ,*
*ਦੋ-ਧਾਰੀ ਤਲਵਾਰ।*[12]

*ਸ਼ਬਦ ਸੁਰ ਸੰਗੀਤ ਮੰਨੇ ਜ਼ਿੰਦਗੀ,*
*ਜੀਣ ਦਾ ਕੁਝ ਆਸਰਾ ਬਣਿਆ ਰਹੇ।*[13]

ਮਹੁੱਬਤ ਇਕ ਅਜਿਹੇ ਪਵਿੱਤਰ ਅਤੇ ਸਹਿਜ ਸੁਭਾਵਿਕ ਜ਼ਜਬਾ ਹੈ ਜੋ ਜੀਵਨ ਨੂੰ ਜਿਉਣ ਲਾਇਕ ਬਣਾਉਂਦਾ ਹੈ। ਲੋਚੀ ਦੀਆਂ ਗ਼ਜਲਾਂ ਵਿਚ ਮੁਹੱਬਤ ਦੀ ਮਹਿਕ ਵੱਖ-ਵੱਖ ਰਿਸ਼ਤਿਆਂ ਦੇ ਰੂਪ ਵਿਚ ਰਚੀ ਹੋਈ ਹੈ। ਧੀਆਂ ਜੁਆਨ ਅਵੱਸਥਾ ਤੱਕ ਘਰ ਦੀ ਫੁੱਲਵਾੜੀ ਨੂੰ ਮਹਿਕਾਉਂਦੀਆਂ ਇੱਕ ਦਿਨ ਪਰਾਏ ਦੇਸ਼ ਉੱਠ ਜਾਣ ਤਾਂ ਉਹਨਾਂ ਦੇ ਵਿਛੋੜੇ ਦਾ ਅਹਿਸਾਸ ਰੂਹ ਨੂੰ ਕੰਬਣੀ ਚਾੜ ਦਿੰਦਾ ਹੈ।

*ਮੈਂ ਬੇਟੀ ਨੂੰ ਭਰਦਾ ਹਾਂ ਝੱਟ ਹੀ ਕਲਾਵੇ।*
*ਬਨੇਰੇ ਤੋਂ ਉੱਡਦੀ ਕੋਈ ਜਦ ਚਿੜੀ ਹੈ।*[14]

*ਕੁੜੀਆਂ ਨੂੰ ਕਵਿਤਾਵਾਂ ਕਹਿੰਦਾ, ਕਿੰਨਾ ਕਵੀ ਅਜੀਬ ਹੈ ਇਹ,*
*ਉਸ ਦੇ ਪਿੰਡ ਤਾਂ ਚਿੜੀਆਂ ਨੂੰ ਵੀ ਅਗਨ ਹਵਾਲੇ ਕਰਦੇ ਲੋਕ।*[15]

ਲੋਚੀ ਦੀ ਸ਼ਾਇਰੀ ਹੁੰਗਾਰੇ ਦੀ ਸ਼ਾਇਰੀ ਹੈ, ਜਿਵੇਂ ਬਾਤ ਨੂੰ ਹੁੰਗਾਰੇ ਦੀ ਜਰੂਰਤ ਹੁੰਦੀ ਹੈ। ਉਸੇ ਤਰ੍ਹਾਂ ਕਵੀ ਮਨ ਦੀ ਭਰਪੂਰ ਰੀਝ ਹੁੰਦੀ ਹੈ ਕਿ ਉਸ ਦੀ ਲਿਖਤ ਸਰੋਤਿਆਂ/ਪਾਠਕਾਂ ਵਿਚ ਪਰਵਾਨ

ਚੜੇ। ਇਸ ਨਜ਼ਰੀਏ ਤੋਂ ਲੋਚੀ ਨੂੰ ਬੇਪਨਾਹ ਮੁੱਹਬਤ ਸਰੋਤਾ/ਪਾਠਕ ਵਰਗ ਤੋਂ ਮਿਲੀ ਹੈ। ਜੇ ਸ਼ਾਇਰ ਸਮਾਜਕ, ਧਾਰਮਕ ਅਤੇ ਰਾਜਨੀਤਕ ਅਨਿਆ ਖਿਲਾਫ਼ ਆਪਣੀ ਕਲਮ ਨਹੀਂ ਚੁੱਕਦਾ ਤਾਂ ਕਵਿਤਾ ਦੇ ਧਰਮ ਦੀ ਪਾਕੀਜ਼ਗੀ ਕੰਲਕਿਤ ਹੋ ਜਾਂਦੀ ਹੈ। ਸ਼ਾਇਰ ਇਸ ਦਾਇਤਵ ਨੂੰ ਬਾਖੂਬੀ ਨਿਭਾਉਂਦਾ ਹੈ। ਏਸੇ ਲਈ ਉਹ ਈਸ਼ਵਰ ਤੋਂ ਸੱਚ ਦੇ ਮਾਰਗ ਤੇ ਅਡਿੱਗ ਅਤੇ ਬੇਖ਼ੋਫ ਹੋ ਕੇ ਚੱਲਣ ਦਾ ਵਰਦਾਨ ਮੰਗਦਾ ਹੈ।

*ਤੈਨੂੰ ਈਸਾ ਬਨਣਾ ਪੈਣੈਂ,*
*ਜੇ ਤੂੰ 'ਲੋਚੀ' ਸੱਚ ਬੋਲਣਾ।*[16]

*ਕਦੇ ਸੁਭ ਕਰਮ ਤੋਂ ਨਾ ਥਿੜਕ ਜਾਵਾਂ,*
*ਤੂੰ ਦਿਹ ਵਰਦਾਨ ਮੈਨੂੰ ਹੇ ਗੋਬਿੰਦੇ।*[17]

*ਮੈਂ ਆਪਣੀ ਰੱਤ ਦੇ ਦੀਵੇ ਜਗਾਏ,*
*ਮਿਰੇ ਲਈ ਏਹੋ ਸੁੱਚੀ ਬੰਦਗੀ ਹੈ।*[18]

ਗਜ਼ਲ ਲਿਖਣਾ ਹਾਰੀ ਸਾਰੀ ਦਾ ਕੰਮ ਨਹੀਂ ਬਲਕਿ ਇਹ ਇਕ ਨਿਰੰਤਰ ਅਭਿਆਸ ਅਤੇ ਸਾਧਨਾ ਸਦਕਾ ਹੀ ਸੰਭਵ ਹੋ ਸਕਦਾ ਹੈ। ਲੋਚੀ ਗ਼ਜ਼ਲ ਰਾਹੀ ਵੰਨ ਸੁਵੰਨੇ ਵਿਸ਼ਿਆਂ ਨੂੰ ਆਪਣੀਆਂ ਗ਼ਜ਼ਲਾਂ ਵਿਚ ਬਿਆਨਦਾ ਹੈ। ਮੁੱਖ ਤੌਰ ਤੇ ਲੋਚੀ ਦੀ ਸ਼ਾਇਰੀ ਨੂੰ ਸਰਬੱਤ ਦੇ ਭਲੇ ਦੀ ਸ਼ਾਇਰੀ ਆਖਿਆ ਜਾਵੇ ਤਾਂ ਕੋਈ ਅੱਤ-ਕੱਥਨੀ ਨਹੀਂ ਹੈ। ਸਾਜ਼ਾਂ ਬਿਨਾਂ ਜੀਵਨ ਸੁੰਨਸਾਨ ਹੈ। ਸਾਜ਼ ਹੀ ਪਦਾਰਥਿਕ ਪ੍ਰਾਪਤੀ ਦੀ ਹੋੜ੍ਹ ਤੋਂ ਮਨੁੱਖ ਨੂੰ ਬਚਾ ਕੇ ਮਾਨਸਿਕ ਠੁੰਮਣਾ ਦਿੰਦੇ ਹਨ। 'ਹਰਿਆਵਲ' ਮਨੁੱਖੀ ਜੀਵਨ ਜਿਸ ਬਿਨਾਂ ਜੀਵਨ ਨਿਰਭਾਅ ਅਸੰਭਵ ਹੈ। ਪਾਣੀ, ਰੁੱਖ, ਫੁੱਲ, ਫ਼ਲ, ਤਿੱਤਲੀਆਂ, ਜੁਗਨੂੰ, ਨਦੀਆਂ, ਸਾਗਰ, ਕਣੀਆਂ ਆਦਿ ਹਰਿਆਵਲ ਦੇ ਸਹਾਇਕ ਤੱਤ ਹਨ। ਪ੍ਰਕਿਰਤੀ ਦੀ ਹਰਿਆਵਲ ਹੀ ਮਨੁੱਖੀ ਮਨ ਨੂੰ ਹਰਿਆਵਲ ਪ੍ਰਦਾਨ ਕਰਦੀ ਹੈ। ਲੋਚੀ ਆਪਣੇ ਕਲਾਮ ਰਾਹੀਂ ਮਨੁੱਖ ਨੂੰ ਜੰਗਲਾਂ ਨਾਲ ਦੋਸਤੀ ਦਾ ਵਾਸਤਾ ਪਾਉਂਦਾ ਹੈ।

*ਪੈਣਗੀਆਂ ਹੁਣ ਪੀਂਘਾਂ ਕਿੱਥੇ? ਕਿੰਜ ਵੱਜੂ ਕਿਲਕਾਰੀ।*
*ਵੱਡੇ-ਵੱਡੇ ਮਾਲ ਪਲਾਜ਼ੇ, ਖਾ ਗਏ ਧਰਤੀ ਸਾਰੀ।*[19]

*ਸ਼ਹਿਰੋਂ ਬਿਰਖ਼ ਗੁਆਚ ਰਹੇ ਨੇ,*
*ਮਿਲਣਗੀਆਂ ਹੁਣ ਛਾਵਾਂ ਕਿੱਥੇ?* [20]

*ਤੇਰੇ ਸਾਰੇ ਜ਼ਹਿਰ ਧੋਤੇ ਜਾਣਗੇ,*
*ਬਿਰਖ਼ ਇੱਕੋ ਹੀ ਤੂੰ ਕਿਧਰੇ ਲਾ ਦਵੀਂ।*[21]

ਜਿਥੇ ਪੰਜਾਬ ਦੀ ਧਰਤੀ ਨੂੰ ਬਾਬਾ ਬਲਵੀਰ ਸਿੰਘ ਸੀਚੇਵਾਲ ਵਰਗੇ ਸੁਨੇਹੀ ਅਤੇ ਸੁਹਿਰਦ ਮਹਾਂਪੁਰਸ਼ ਦੂਸ਼ਿਤ ਹੋਣ ਤੋਂ ਬਚਾਉਣ ਲਈ ਜਤਨਸ਼ੀਲ ਹਨ। ਉਥੇ ਲੋਚੀ ਆਪਣੀ ਕਲਮ ਰਾਹੀਂ ਇਹ ਫਰਜ਼ ਨਿਭਾ ਰਿਹਾ ਹੈ। ਲੋਚੀ ਨੇ ਮਨੁੱਖੀ ਫਿਤਰਤ ਦੇ ਨਾ-ਪੱਖੀ ਰੁਝਾਨਾ ਨੂੰ ਵੀ ਆਪਣੀ ਕਲਮ ਰਾਹੀਂ ਸਿਰਜਿਆ ਹੈ। ਉਦਾਰਣ ਦੇ ਤੌਰ ਤੇ ਸ਼ਹਿਰੀ ਜੀਵਨ ਜਾਚ ਸਦਕਾ ਮਨੁੱਖ ਦੀ ਅੰਦਰੂਨੀ ਖੁਸ਼ੀ ਖੁੱਸ ਗਈ ਹੈ। ਘਰਾਂ ਵਿਚ ਮਨੁੱਖ ਅਣ-ਚਾਹੀ ਕੈਦ ਵਿਚ ਬੰਦ ਹੋ ਕੇ ਰਹਿ ਗਿਆ ਹੈ। ਲੋਚੀ ਦੇ ਸ਼ਿਅਰਾਂ ਵਿਚ ਸਵੈ-ਕੱਥਨੀ ਉਸ ਨੂੰ ਵੱਡਾ ਦਾਰਸ਼ਨਿਕ ਸਾਬਤ ਕਰਦੀ ਹੈ। ਜਿਸ ਅਨੁਸਾਰ ਮਨੁੱਖ ਪੰਜ ਵਿਕਾਰਾਂ ਦੇ ਚੁੰਗਲ ਵਿਚ ਇਸ ਕਦਰ ਫਸਿਆ ਹੋਇਆ ਹੈ ਕਿ ਉਸ ਨੂੰ ਉਸ ਦੇ ਅੰਦਰ ਬੈਠੇ ਸ਼ੈਤਾਨ ਨੂੰ ਮਾਰਨਾ ਅਸੰਭਵ ਹੈ।

*ਇਹ ਕਿਉਂ ਅੰਦਰੋਂ ਨਹੀਂ ਸ਼ੈਤਾਨ ਮਰਦਾ?*
*ਨਿਰੰਤਰ ਬੰਦਗੀ ਹੁੰਦੇ ਹੋਏ।*[22]

ਆਪਣੀ ਚਰਚਾ ਨੂੰ ਸਮੇਟਦੇ ਹੋਏ ਅਸੀਂ ਕਹਿ ਸਕਦੇ ਹਨ ਕਿ ਲੋਚੀ ਨੇ ਜੀਵਨ ਦੇ ਅਨੀਵਾਰੀ ਪਹਿਲੂਆਂ ਨੂੰ ਸੁਰ ਅਤੇ ਲਿਖਤ ਰਾਹੀਂ ਸਹਿਜ ਸੁਭਾਵਕ ਅੰਦਾਜ਼ ਵਿਚ ਸੰਚਾਰਿਆ ਹੈ। ਜੋ ਆਪਣੇ ਆਪ ਵਿਚ ਮਿਸਾਲ ਹੈ।

ਟਿੱਪਣੀਆਂ ਤੇ ਹਵਾਲੇ :-

1. ਤ੍ਰੈਲੋਚਨ ਲੋਚੀ, ਟਿੱਪਣੀ/ਸਰਵਰਕ, ਦਿਲ ਦਰਵਾਜ਼ੇ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009, ਪੰਨਾ- ਸਰਵਰਕ
2. ਤ੍ਰੈਲੋਚਨ ਲੋਚੀ, ਟਿੱਪਣੀ/ਸਰਵਰਕ, ਦਿਲ ਦਰਵਾਜ਼ੇ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009, ਪੰਨਾ- ਸਰਵਰਕ
3. ਤ੍ਰੈਲੋਚਨ ਲੋਚੀ, ਟਿੱਪਣੀ/ਸਰਵਰਕ, ਦਿਲ ਦਰਵਾਜ਼ੇ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009, ਪੰਨਾ- ਸਰਵਰਕ
4. ਤ੍ਰੈਲੋਚਨ ਲੋਚੀ, ਦਿਲ ਦਰਵਾਜ਼ੇ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009, ਪੰਨਾ- 19
5. ਉਹੀ, ਪੰਨਾ- 19
6. ਉਹੀ, ਪੰਨਾ- 21
7. ਉਹੀ, ਪੰਨਾ- 29
8. ਉਹੀ, ਪੰਨਾ- 31
9. ਉਹੀ, ਪੰਨਾ- 48
10 ਉਹੀ, ਪੰਨਾ- 46
11. ਉਹੀ, ਪੰਨਾ- 17

12. ਉਹੀ, ਪੰਨਾ– 18
13. ਉਹੀ, ਪੰਨਾ– 50
14. ਉਹੀ, ਪੰਨਾ– 38
15. ਉਹੀ, ਪੰਨਾ– 27
16. ਉਹੀ, ਪੰਨਾ– 34
17. ਉਹੀ, ਪੰਨਾ– 31
18. ਉਹੀ, ਪੰਨਾ– 30
19. ਉਹੀ, ਪੰਨਾ– 62
20. ਉਹੀ, ਪੰਨਾ– 74
21. ਉਹੀ, ਪੰਨਾ– 64
22. ਉਹੀ, ਪੰਨਾ– 26